**SET-4**

**Series JMS** | **Code No. 6**

Roll No. [ ] [ ] [ ] [ ] [ ] [ ] [ ]

Candidates must write the Code on the title page of the answer-book.

- ਕਿਰਪਾ ਕਰਕੇ ਨਿਰੀਖਣ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਦੇ ਛਪੇ ਹੋਏ **7** ਪੰਨੇ ਹਨ ।
- ਪ੍ਰਸ਼ਨ ਪੱਤਰ ਦੇ ਉੱਪਰ ਸੱਜੇ ਹੱਥ ਦਿੱਤੇ ਗਏ ਕੋਡ ਨੰ. ਨੂੰ ਪ੍ਰੀਖਿਆਰਥੀ ਉੱਤਰ ਪੁਸਤਿਕਾ ਦੇ ਮੁੱਖ ਪੰਨੇ ਉਤੇ ਜ਼ਰੂਰ ਲਿੱਖਣ ।
- ਕਿਰਪਾ ਕਰਕੇ ਦੇਖ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ **15** ਪ੍ਰਸ਼ਨ ਹਨ ।
- **ਕਿਰਪਾ ਕਰਕੇ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ, ਪ੍ਰਸ਼ਨ ਦਾ ਕ੍ਰਮਾਂਕ (ਸੀਰਿਅਲ ਨੰਬਰ) ਜ਼ਰੂਰ ਲਿੱਖੋ ।**
- ਇਸ ਪ੍ਰਸ਼ਨ ਪੱਤਰ ਨੂੰ ਪੜ੍ਹਨ ਦੇ ਲਈ 15 ਮਿੰਟ ਦਾ ਸਮਾਂ ਦਿੱਤਾ ਗਿਆ ਹੈ । ਪ੍ਰਸ਼ਨ ਪੱਤਰ ਸਵੇਰੇ 10.15 ਵਜੇ ਵੰਡੇ ਜਾਣਗੇ । 10.15 ਵਜੇ ਤੋਂ 10.30 ਵਜੇ ਤਕ ਪ੍ਰੀਖਿਆਰਥੀ ਕੇਵਲ ਪ੍ਰਸ਼ਨ ਪੱਤਰ ਨੂੰ ਪੜ੍ਹਨਗੇ ਅਤੇ ਇਸ ਸਮੇ ਵਿਚ ਉਹ ਉੱਤਰ ਪੁਸਤਿਕਾ ਵਿਚ ਕੋਈ ਉੱਤਰ ਨਹੀਂ ਲਿਖਣਗੇ ।
- Please check that this question paper contains **7** printed pages.
- Code number given on the right hand side of the question paper should be written on the title page of the answer-book by the candidate.
- Please check that this question paper contains **15** questions.
- **Please write down the Serial Number of the question before attempting it.**
- 15 minute time has been allotted to read this question paper. The question paper will be distributed at 10.15 a.m. From 10.15 a.m. to 10.30 a.m., the students will read the question paper only and will not write any answer on the answer-book during this period.

# ਪੰਜਾਬੀ

# PUNJABI

*ਸਮਾਂ ਸੀਮਾਂ : 3 ਘੰਟੇ* | *ਪੂਰਨ ਅੰਕ : 80*

*Time allowed : 3 hours* | *Maximum Marks : 80*

**ਨੋਟ:** *ਲਿਖਾਈ ਸ਼ੁਧ, ਸੁੰਦਰ ਅਤੇ ਖੁੱਲ੍ਹੀ-ਖੁੱਲ੍ਹੀ ਕਰਨ ਦਾ ਜਤਨ ਕਰੋ ।*

ਪੜ੍ਹਨ-ਕੌਸ਼ਲ

1. ਹੇਠ ਲਿਖੇ ਪੈਰੇ ਨੂੰ ਪੜ੍ਹ ਕੇ, ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ :

ਭਲਾ ਕੀੜੀ ਦੀ ਵੀ ਕੋਈ ਹਸਤੀ ਹੈ ? ਪਰ ਇਹ ਨਿੱਕੇ-ਨਿੱਕੇ ਸਿਪਾਹੀ ਏਨੇ ਮਿਹਨਤੀ ਹਨ ਕਿ ਥਕਾਵਟ ਤੇ ਕੰਮਚੋਰੀ ਸ਼ਬਦ ਇਨ੍ਹਾਂ ਦੇ ਸ਼ਬਦ-ਕੋਸ਼ ਵਿਚ ਹੈ ਹੀ ਨਹੀਂ । ਬੂੰਦ-ਬੂੰਦ ਨਾਲ ਹੀ ਸਮੁੰਦਰ ਬਣ ਜਾਂਦਾ ਹੈ । ਇਉਂ ਹੀ ਇਨ੍ਹਾਂ ਮਦੀਨ ਜੀਵਾਂ ਨੇ ਆਪਣੀ ਲੱਖਾਂ ਸਾਲਾਂ ਦੀ ਨਿਰੰਤਰ ਮੁਸ਼ੱਕਤ ਨਾਲ ਟਨਾਂ ਦੇ ਟਨ ਮਿੱਟੀ ਖਰੋਚ ਮਾਰੀ । ਇਉਂ ਹੀ ਘੁਮਿਆਰ, ਕੰਨ ਖਜੂਰੇ, ਮਕੜੀਆਂ, ਚਿੱਚੜ, ਭੂੰਡ, ਸ਼ਹਿਦ ਦੀਆਂ ਮੱਖੀਆਂ ਆਦਿ ਜੀਵ ਲਗਾਤਾਰ ਮਿੱਟੀ ਦੇ ਕਣਾਂ ਨੂੰ ਹਿਲਾਉਂਦੇ ਚਲਾਉਂਦੇ ਅਤੇ ਧਰਤੀ ਦੀਆਂ ਤਹਿਆਂ ਨੂੰ ਪੋਲਿਆਂ ਕਰਦੇ ਰਹਿੰਦੇ ਹਨ ਅਤੇ ਪਾਣੀ ਅਤੇ ਹਵਾ ਲਈ ਰਾਹ ਖੋਲ੍ਹ ਕੇ ਧਰਤੀ ਦੀ ਉਪਜਾਊ ਸ਼ਕਤੀ ਵਧਾਉਂਦੇ ਰਹਿੰਦੇ ਹਨ । ਇਨ੍ਹਾਂ ਦੇ ਸਰੀਰਾਂ ਦਾ ਮਲ ਵੀ ਭੂਮੀ ਵਿਚ ਲੋੜੀਂਦੇ ਕਾਰਬਨਿਕ ਪਦਾਰਥ ਮਿਲਾਉਂਦਾ ਹੈ । ਹੋਰ ਤਾਂ ਹੋਰ, ਮਰਨ ਪਿੱਛੋਂ ਵੀ ਇਨ੍ਹਾਂ ਦੇ ਸਰੀਰ ਅਜਾਈਂ ਨਹੀਂ ਜਾਂਦੇ । ਕੁਝ ਹੋਰ ਛੋਟੇ ਕਾਮੇ ਇਨ੍ਹਾਂ ਲੋਥਾਂ ਦੀ ਭੰਨ-ਤੋੜ ਕਰਕੇ ਇਨ੍ਹਾਂ ਵਿਚਲੇ ਮਹੱਤਵਪੂਰਨ ਯੋਗਿਕਾਂ ਨੂੰ ਮੁੜ ਮਿੱਟੀ ਵਿਚ ਮਿਲਾ ਦਿੰਦੇ ਹਨ ਅਤੇ ਇਉਂ ਇਨ੍ਹਾਂ ਦੀ ਅਮੀਰੀ ਨੂੰ ਕਾਇਮ ਰੱਖਦੇ ਹਨ ।

ਪ੍ਰਸ਼ਨ :

(ੳ) ਕਿਸ ਦੀ ਹਸਤੀ ਨਹੀਂ ਹੈ ?

(ਅ) ਕੀੜੀਆਂ ਦੇ ਧਰਤੀ ਨੂੰ ਪੋਲੀ ਕਰਨ ਨਾਲ ਕੀ ਲਾਭ ਹੁੰਦਾ ਹੈ ?

(ੲ) ਛੋਟੇ ਕਾਮੇ ਕੀ ਕਰਦੇ ਹਨ ?

(ਸ) ਨਿੱਕੇ ਸਿਪਾਹੀ ਦੇ ਸ਼ਬਦ-ਕੋਸ਼ ਵਿਚ ਕੀ ਨਹੀਂ ਹੈ ?

(ਹ) ਇਸ ਪੈਰੇ ਦਾ ਢੁੱਕਵਾਂ ਸਿਰਲੇਖ ਲਿਖੋ । *2+2+2+2+1=9*

2. ਹੇਠ ਲਿਖੀ ਕਾਵਿ–ਟੁਕੜੀ ਨੂੰ ਪੜ੍ਹ ਕੇ ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ :

ਸੁਖ–ਨੀਂਦੇ ਜੇ ਸੁੱਤਾ ਚਾਹੇਂ,
ਵੱਸ ਨਾ ਪਈ ਅਮੀਰਾਂ ਦੇ ।
ਬੰਦੀ ਜਨ ਦੇ ਹਲੂਏ ਨਾਲੋਂ,
ਟੁਕੜੇ ਭਲੇ ਫ਼ਕੀਰਾਂ ਦੇ ।
ਵਿਚ ਗੁਲਾਮੀ ਹੋਇ ਖ਼ੁਨਾਮੀ,
ਸੁੱਕਣ ਲਹੂ ਸਰੀਰਾਂ ਦੇ ।
ਸੀਨੇ ਹੱਥ, ਪੌਣ ਨਿਹੁੜਾਈ,
ਖੜੇ ਵਾਂਗ ਤਸਵੀਰਾਂ ਦੇ ।
ਕਰ ਗੁਜ਼ਰਾਨ ਸੁਤੰਤਰਤਾ ਵਿਚ,
ਪਹਿਨ ਗੋਦੜੇ ਲੀਰਾਂ ਦੇ ।

ਪ੍ਰਸ਼ਨ :

(ੳ) ਕਵੀ ਕਿਹੜਾ ਜੀਵਨ ਜਿਉਣ ਲਈ ਕਹਿ ਰਿਹਾ ਹੈ ?

(ਅ) ਬੰਦੀ ਜਨ ਭਾਵ ਗੁਲਾਮੀ ਦੇ ਜੀਵਨ ਨਾਲੋਂ ਕੀ ਚੰਗਾ ਹੈ ?

(ੲ) ਸੁੱਖ ਨਾਲ ਜੀਵਨ ਗੁਜ਼ਾਰਨ ਲਈ ਕੀ ਕਰਨ ਦੀ ਲੋੜ ਹੈ ? *3×2=6*

'ਵਿਆਕਰਨ'

3. (i) 'ਵੱਖਰਾ–ਵੱਖਰਾ' ਸਮਾਸੀ ਸ਼ਬਦ ਲਈ ਹੇਠ ਲਿਖੇ ਵਿਕਲਪਾਂ ਵਿੱਚੋਂ ਸਹੀ ਵਿਕਲਪ ਚੁਣੋ :

(ੳ) ਵੱਖਰਾ ਅਤੇ ਵੱਖਰਾ

(ਅ) ਵੱਖਰਾ ਹੀ ਵੱਖਰਾ

(ੲ) ਵੱਖਰੀ ਵੱਖਰਿਆਂ

(ਸ) ਵੱਖਰਿਆਂ ਤੋਂ ਵੱਖਰਾ

(ii) 'ਲੋਕਾਂ ਦਾ ਰਾਜ' ਸਭ ਤੋਂ ਉੱਤਮ ਰਾਜ ਹੈ । ਲਕੀਰੇ ਸ਼ਬਦ-ਸਮੂਹ ਦਾ ਸਹੀ ਸਮਾਸੀ ਸ਼ਬਦ ਚੁਣੋ :

(ੳ) ਲੋਕਾਂ-ਵਾਸਤੇ-ਰਾਜ

(ਅ) ਲੋਕਾਂ-ਲਈ-ਰਾਜ

(ੲ) ਲੋਕੀ-ਰਾਜ

(ਸ) ਲੋਕ-ਰਾਜ *2*

**4.** (i) 'ਸਰ' ਸ਼ਬਦ ਦਾ ਬਹੁ-ਅਰਥਕ ਕਿਹੜਾ ਨਹੀਂ ਹੈ ?

(ੳ) ਖਿਤਾਬ, ਸਰੋਵਰ

(ਅ) ਅੰਕ, ਨਾਲ

(ੲ) ਫ਼ਤਿਹ ਕਰਨਾ, ਘਾਹ

(ਸ) ਹੋਣਾ, ਤਾਸ਼ ਦੀ ਸਰ

(ii) 'ਕੱਚਾ' ਸ਼ਬਦ ਦਾ ਬਹੁ-ਅਰਥਕ ਸ਼ਬਦ ਚੁਣੋ :

(ੳ) ਆਰਜ਼ੀ

(ਅ) ਕਟੌਤੀ

(ੲ) ਪੂਰਾ

(ਸ) ਟੋਲਾ

(iii) 'ਤਰ' ਸ਼ਬਦ ਦਾ ਬਹੁ-ਅਰਥਕ ਸ਼ਬਦ ਚੁਣੋ :

(ੳ) ਗੋਲੀ

(ਅ) ਤੰਗੀ

(ੲ) ਤਰਨਾ

(ਸ) ਟਾਹਣੀ *3*

**5.** ਹੇਠ ਲਿਖੀ ਵਾਰਤਾ ਨੂੰ ਵਿਸ਼ਰਾਮ ਚਿੰਨ੍ਹ ਲਾ ਕੇ ਲਿਖੋ : *3*

ਦਲੇਰੀ ਹਰ ਇਕ ਦਾ ਨਾਹਰਾ ਹੋਣਾ ਚਾਹੀਦਾ ਹੈ ਖਿਆਲਾਂ ਦੀ ਦਲੇਰੀ ਅਮਲਾਂ ਦੀ ਦਲੇਰੀ ਤੇ ਮਨ ਦੀ ਦਲੇਰੀ ਸਕੂਲਾਂ ਵਿਚ ਬੱਚਿਆਂ ਨੂੰ ਦਲੇਰ ਕਰਕ ਲਈ ਖੇਡਾ ਕਰਾਈਆਂ ਜਾਣ, ਤਾਂ ਕਿ ਉਹ ਕਿਤਾਬੀ-ਕੀੜੇ ਨਾ ਬਣੇ ਰਹਿਣ ।

**6.** ਹੇਠ ਲਿਖੇ ਮੁਹਾਵਰਿਆਂ ਦੇ ਅਰਥ ਦੱਸ ਕੇ ਉਨ੍ਹਾਂ ਨੂੰ ਵਾਕਾਂ ਵਿਚ ਵਰਤੋ : *3*

(i) ਕੰਨ ਭਰਨੇ

(ii) ਘੋੜੇ ਵੇਚ ਕੇ ਸੌਣਾ

(iii) ਜ਼ਬਾਨ ਦੇਣੀ

**7.** 'ਅਧ' ਅਤੇ 'ਹਮ' ਅਗੇਤਰ ਲਗਾ ਕੇ ਦੋ-ਦੋ ਸ਼ਬਦ ਬਣਾਉ । *2*

**8.** 'ਆਈ' ਅਤੇ 'ਸਾਰ' ਪਿਛੇਤਰ ਲਗਾ ਕੇ ਦੋ-ਦੋ ਸ਼ਬਦ ਬਣਾਉ । *2*

ਲਿਖਣ ਕੌਸ਼ਲ

**9.** ਹੇਠ ਲਿਖੇ ਵਿਸ਼ਿਆਂ ਵਿੱਚ ਕਿਸੇ ***ਇਕ*** ਉੱਪਰ 200 ਸ਼ਬਦਾਂ ਦਾ ਭਾਵਪੂਰਤ ਲੇਖ ਲਿਖੋ । *10*

(i) ਕੌਮੀ ਏਕਤਾ

ਨੁਕਤੇ : ਅੰਗਰੇਜ਼ਾਂ ਦੀ ਕੁਟਿਲ ਨੀਤੀ, ਭਾਰਤੀਆਂ ਵਿਚ ਕੌਮੀ ਏਕਤਾ, ਆਜ਼ਾਦ ਭਾਰਤ ਦੇ ਨੇਤਾਵਾਂ ਦੀ ਭੂਮਿਕਾ, ਵਰਤਮਾਨ ਸਮੇਂ ਦੇਸ਼ ਦੀ ਏਕਤਾ ਲਈ ਖਤਰਾ, ਕੌਮੀ ਏਕਤਾ ਸਮੇਂ ਦੀ ਮੰਗ, ਸਾਰੰਸ਼ ।

(ii) ਮੇਰਾ ਮਨਪਸੰਦ ਅਧਿਆਪਕ

ਨੁਕਤੇ : ਜੀਵਨ ਉਦੇਸ਼, ਪੜ੍ਹਾਉਣ ਦੀ ਕਲਾ, ਵਿਦਿਆਰਥੀਆਂ ਨੂੰ ਉਤਸ਼ਾਹਤ ਕਰਨ ਵਾਲੇ, ਹੋਰ ਗਤੀਵਿਧੀਆਂ ਵਿਚ ਦਿਲਚਸਪੀ ਲੈਣ ਵਾਲੇ, ਸਮੇਂ ਦੇ ਪਾਬੰਦ, ਵਿਦਿਆ-ਦਾਨੀ, ਵਿਦਿਆਰਥੀਆਂ ਲਈ ਚਾਨਣ ਮੁਨਾਰੇ ।

**10.** ਕਿਸੇ ਪੰਜਾਬੀ ਦੇ ਅਖ਼ਬਾਰ ਦੇ ਸੰਪਾਦਕ ਨੂੰ ਮਹਾਂਨਗਰਾਂ ਵਿਚ ਆਵਾਜਾਈ ਦੀ ਸਮੱਸਿਆ ਦੱਸ ਕੇ ਉਸ ਦੇ ਹੱਲ ਲਈ ਆਪਣੇ ਵੱਲੋਂ ਕੁਝ ਸੁਝਾਅ ਦਿਉ । *8*

ਨੁਕਤੇ : ਸੜਕਾਂ ਉੱਤੇ ਆਵਾਜਾਈ ਦੀ ਹਾਲਤ, ਦਿੱਲੀ, ਲੁਧਿਆਣਾ, ਅੰਮ੍ਰਿਤਸਰ, ਜਲੰਧਰ ਵਿਚ ਗੰਭੀਰ ਸਮੱਸਿਆ, ਤੰਗ ਸੜਕਾਂ, ਚੌਕਾਂ, ਟ੍ਰੈਫਿਕ ਲਾਈਨਾਂ ਦੀ ਸਮੱਸਿਆ, ਦੁਕਾਨਾ ਅੱਗੇ ਰੇੜ੍ਹੀਆਂ ਆਦਿ ਕਾਰਨ ਭੀੜ-ਭੜੱਕਾ, ਦੁਰਘਟਨਾਵਾਂ, ਸੁਝਾਅ ।

**ਜਾਂ**

ਆਪਣੇ ਇਲਾਕੇ ਦੇ ਲੋਕਾਂ ਦੀ ਸਿਹਤ ਦੀ ਜਾਂਚ ਕਰਨ ਲਈ ਕੈਂਪ ਲਾਉਣ ਵਾਸਤੇ ਸਿਹਤ ਵਿਭਾਗ ਦੇ ਡਾਇਰੈਕਟਰ ਨੂੰ ਇਕ ਬੇਨਤੀ–ਪੱਤਰ ਲਿਖੋ ।

ਨੁਕਤੇ : ਇਲਾਕੇ ਵਿਚ ਫ਼ੈਲਦੀਆਂ ਬੀਮਾਰੀਆਂ, ਡਿਸਪੈਂਸਰੀ ਦੀ ਘਾਟ, ਗ਼ਰੀਬ ਤੇ ਮਜਬੂਰ ਲੋਕ, ਇਲਾਜ ਨਾ ਹੋਣ ਕਾਰਨ ਮੌਤਾਂ, ਕੈਂਪ ਨਾਲ ਰੋਗਾਂ ਦੀ ਜਾਂਚ, ਲੋਕਾਂ ਦੀ ਸਿਹਤ ਲਈ ਪਰਉਪਕਾਰ ।

**11.** ਆਪ ਨੇ ਆਪਣਾ ਮਕਾਨ ਕਿਰਾਏ ਉੱਤੇ ਦੇਣਾ ਹੈ । ਉਸ ਲਈ ਇਕ ਆਦਰਸ਼ਕ ਇਸ਼ਤਿਹਾਰ ਤਿਆਰ ਕਰੋ । 7

**ਜਾਂ**

ਹੇਠਾਂ ਦਿਤੀ ਤਸਵੀਰ ਨੂੰ ਵੇਖ ਕੇ ਲਗਭਗ 50 – 60 ਸ਼ਬਦਾਂ ਵਿਚ ਇਸ ਦਾ ਵਰਣਨ ਕਰੋ –



(ਸਿਰਫ਼ ਨੇਤਰਹੀਨ ਵਿਦਿਆਰਥੀਆਂ ਲਈ)

ਬੱਸ ਵਿਚ ਸਫ਼ਰ ਦੌਰਾਨ ਤੁਹਾਡਾ ਮੋਬਾਈਲ ਚੋਰੀ ਹੋ ਗਿਆ ਹੈ । ਇਸ ਬਾਰੇ ਅਖ਼ਬਾਰ ਵਿਚ ਛਪਣ ਲਈ ਖ਼ਬਰ ਬਣਾ ਕੇ ਲਿਖੋ ।

ਪਾਠ–ਪੁਸਤਕਾਂ ’ਤੇ ਅਧਾਰਤ ਪ੍ਰਸ਼ਨ –

**12.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇਕ ਵਾਕ ਵਿਚ ਲਿਖੋ : *4×1=4*

(ੳ) ਡਾ. ਕਲਾਮ ਨੂੰ ਭਾਰਤ ਦੇ ਕਿਹੜੇ ਵੱਡੇ ਸਨਮਾਨ ਹਾਸਲ ਹੋਏ ?

(ਅ) ਪੰਜਾਬ ਦੇ ਲੋਕ–ਗੀਤ ਪੰਜਾਬ ਦੇ ਕਿਹੜੇ–ਕਿਹੜੇ ਖੇਤਰਾਂ ਵਿਚ ਮਿਲਦੇ ਹਨ ?

(ੲ) ਵੰਦਨਾ ਨੇ ਛੱਤ ਉੱਪਰ ਟੈਂਕੀ ਕਿਉਂ ਰੱਖੀ ਹੋਈ ਸੀ ?

(ਸ) ਮੀਨਾਕਸ਼ੀ ਦੇ ਮੰਮੀ–ਪਾਪਾ ਉਸ ਨੂੰ ਕਿਸ ਗੱਲ ਤੋਂ ਰੋਕਦੇ ਸਨ ?

**13.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 25 – 30 ਸ਼ਬਦਾਂ ਵਿਚ ਲਿਖੋ : *6×2=12*

(ੳ) ਰਜਨੀ ਨੇ ਸੱਪ ਨੂੰ ਕਿਥੇ ਭੇਜਣ ਦੀ ਬੇਨਤੀ ਕੀਤੀ ਸੀ ?

(ਅ) ਮੀਨਾਕਸ਼ੀ ਨਾਲ ਹਾਦਸਾ ਵਾਪਰਨ ਦਾ ਕੀ ਕਾਰਨ ਸੀ ? ਉਸ ਨੇ ਇਸ ਘਟਨਾ ਤੋਂ ਕੀ ਸਬਕ ਸਿੱਖਿਆ ?

(ੲ) ਅਸਮਾਨ ਵਿਚ ਘਟਾ ਛਾਉਣ ਨਾਲ ਵੰਦਨਾ ਦੇ ਮਨ ਵਿਚ ਕਿਸ ਤਰ੍ਹਾਂ ਦੇ ਵਿਚਾਰ ਪੈਦਾ ਹੁੰਦੇ ਹਨ ?

(ਸ) ਮੈਲਬਰਨ ਦੀ ਕਿਹੜੀ ਚੀਜ਼ ਨੇ ਮਿਲਖਾ ਸਿੰਘ ਨੂੰ ਪ੍ਰਭਾਵਿਤ ਕੀਤਾ ?

(ਹ) ਡਾ. ਕਲਾਮ ਉਪਰ ਉਨ੍ਹਾਂ ਦੇ ਪਿਤਾ ਦੀਆਂ ਕਿਹੜੀਆਂ ਗੱਲਾਂ ਦਾ ਪ੍ਰਭਾਵ ਪਿਆ ?

(ਕ) ਬੀਬੀ ਭਾਨੀ ਜੀ ਦੇ ਮੁੱਢਲੇ ਜੀਵਨ ਉੱਤੇ ਰੌਸ਼ਨੀ ਪਾਉ ?

**14.** ‘ਰੁੱਖਾਂ ਬਾਝੋਂ ਧਰਤੀ’ ਕਵਿਤਾ ਦਾ ਵਿਸ਼ਾ–ਵਸਤੂ ਲਗਭਗ 100 – 125 ਸ਼ਬਦਾਂ ਵਿਚ ਲਿਖੋ । *5*

**ਜਾਂ**

‘ਹੈਂਕੜ ਅਤੇ ਹਉਮੈ ਦੀ ਮਾਰ’ ਲੇਖ ਵਿਚ ਪੇਸ਼ ਸਮੱਸਿਆ ਉੱਪਰ ਸੰਖੇਪ ਨੋਟ ਲਿਖੋ ।

**15.** ‘ਬੇਬੇ ਰਾਮ ਭਜਨੀ’ ਇਕਾਂਗੀ ਦੇ ਵਿਸੇ–ਵਸਤੂ ਉੱਪਰ ਵਿਚਾਰ ਕਰੋ । *4*

**ਜਾਂ**

ਸ਼ਾਮ ਦਾਸ ਦਾ ਚਰਿੱਤਰ ਆਪਣੇ ਸ਼ਬਦਾਂ ਵਿਚ ਲਿਖੋ ।